# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

### ਸਮਾਜਕ ਇਨਸਾਫ ਲਈ ਚੇਤਨਾ

ਸਮਾਜਕ ਇਨਸਾਫ ਦੀ ਗੱਲ ਹੁਣ ਸਾਡੇ ਚਿੰਤਨ ਵਿਚ ਪ੍ਰਮੁੱਖ ਗੱਲ ਬਣ ਕੇ ਉਭਰ ਰਹੀ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਇਸ ਚਿੰਤਨ ਨੇ ਹੈਰਾਨਕੁਨ ਨਤੀਜੇ ਵੀ ਪ੍ਰਾਪਤ ਕਰ ਲਏ ਹਨ। ਹਰਭਜਨ ਹਲਵਾਰਵੀ ਨੇ ਪਿੱਛੇ ਜਿਹੇ ਯੂਰਪ ਦੇ ਦੇਸ਼ਾਂ ਦਾ ਇਕ ਸੰਖੇਪ ਜਿਹਾ ਦੌਰਾ ਕਰਨ ਦੇ ਬਾਅਦ ਇਹ ਗੱਲ ਨੋਟ ਕੀਤੀ ਹੈ ਕਿ ਉਨ੍ਹਾਂ ਦੇਸ਼ਾਂ ਦੇ ਘੱਟ ਤੋਂ ਘੱਟ 80 ਫੀਸਦੀ ਲੋਕ ਇਕ ਸਮਾਨਤਾ ਦਾ ਜੀਵਨ ਜ਼ਰੂਰ ਜੀਂਦੇ ਹਨ, ਭਾਵ ਕਿ ਉਹ ਸੁਸਾਇਟੀਆਂ ਸਮਾਜਕ ਨਿਆਂ ਬਾਰੇ ਚੇਤਨ ਹਨ। ਭਾਰਤ ਦਾ ਸਮਾਜ ਇਸ ਦੇ ਬਿਲਕੁਲ ਉਲਟ ਹੈ। ਇੱਥੇ ਘੱਟ ਤੋਂ ਘੱਟ 80ਫੀਸਦੀ ਲੋਕ ਸਮਾਜਕ ਗੈਰਸਮਾਨਤਾ ਦਾ ਜੀਵਨ ਬਿਤਾਂਦੇ ਹਨ ਤੇ ਇਸ ਜੀਵਨ ਨੂੰ ਆਪਣੀ ਤਕਦੀਰ ਹੀ ਸਮਝੀ ਬੈਠੇ ਹਨ। ਬਾਲ ਮਜ਼ਦੂਰੀ ਵਰਗੀਆਂ ਲਾਹਨਤਾਂ, ਔਰਤਾਂ ਵੱਲ ਵਿਤਕਰੇ ਭਰਿਆ ਸਲੂਕ, ਅਮੀਰ ਤੇ ਗਰੀਬ ਤਬਕਿਆਂ ਦੇ ਬੱਚਿਆਂ ਲਈ ਵਿਦਿਆ ਦੀਆਂ ਸਹੂਲਤਾਂ ਦਾ ਜ਼ਮੀਨ ਅਸਮਾਨ ਦਾ ਫਰਕ, ਸਭ ਕੁਝ ਇੱਥੇ ਬਰਦਾਸ਼ਤ ਹੋ ਰਿਹਾ ਹੈ। ਸਮਾਜਕ ਸਮਾਨਤਾ ਦੀ ਕੋਈ ਲਹਿਰ ਜੜ੍ਹ ਨਹੀਂ ਫੜ ਰਹੀ। ਇਸ ਲਹਿਰ ਦਾ ਖਾਹਮਖਾਹ ਸਿਆਸਤ ਨਾਲ ਸਬੰਧ ਜੋੜਿਆ ਜਾਂਦਾ ਹੈ। ਹਾਲਾਂਕਿ ਸਮਾਜਕ ਸਮਾਨਤਾ ਦੀ ਮੰਗ ਸਿਰਫ ਸਿਆਸਤ ਦੀ ਨਹੀਂ ਸਗੋਂ ਮਨੁੱਖੀ ਸਮਾਜ ਦੀ ਮਾਨਵਵਾਦੀ ਮੰਗ ਹੈ।

ਭਾਵੇਂ ਇਹ ਸਚਾਈ ਹੈ ਕਿ ਸਿਰਫ ਖੱਬੀ ਧਿਰ ਦੀ ਸਿਆਸਤ ਨੇ ਸਮਾਜਕ ਨਿਆਂ ਨੂੰ ਮੁੱਖ ਮੁੱਦਾ ਬਣਾਇਆ ਹੈ ਪਰ ਸਮਾਜਕ ਨਿਆਂ ਸਾਡੇ ਧਾਰਮਿਕ ਫਲਸਫੇ ਵਿਚ ਵੀ ਬਹੁਤ ਵੱਡੀ ਥਾਂ ਰੱਖਦਾ ਹੈ। ਭਗਤ ਕਬੀਰ ਦੀ ਬਾਣੀ, ਗੁਰੂ ਰਵੀਦਾਸ ਦੀ ਬਾਣੀ ਤੇ ਸਾਡੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਇਸ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ। ਇਹ ਵੇਖਿਆ ਗਿਆ ਹੈ ਕਿ ਧਾਰਮਿਕ ਪ੍ਰਚਾਰਕ ਇਕ ਦੀ ਜਾਤਪਾਤ ਦੇ ਸੰਦਰਭ ਵਿਚ ਜਾਂ ਕੁਦਰਤ ਦੇ ਸਭ ਬੰਦੇ ਦੇ ਸੰਦਰਭ ਵਿਚ ਹੀ ਵਿਆਖਿਆ ਕਰਕੇ ਸੰਤੁਸ਼ਟ ਹੋ ਜਾਂਦੇ ਹਨ। ਸਮਾਜਕ ਬਰਾਬਰੀ ਦੀ ਲਹਿਰ ਵੱਲ ਉਨ੍ਹਾਂ ਦਾ ਕਦੀ ਵੀ ਧਿਆਨ ਨਹੀਂ ਜਾਂਦਾ। ਇਕ ਜਾਗੀਰਦਾਰ ਸਿੱਖ ਅਤੇ ਖੇਤ ਮਜ਼ਦੂਰ ਸਿੱਖ ਇਸ ਲਈ ਬਰਾਬਰ ਨਹੀਂ ਹਨ ਕਿਉਂਕਿ ਉਹ ਸਿੱਖ ਹਨ। ਧਾਰਮਿਕ ਪ੍ਰਚਾਰਕਾਂ ਦਾ ਅਧਿਆਤਮਵਾਦੀ ਦ੍ਰਿਸ਼ਟੀ ਤੋਂ ਵੀ ਇਹ ਫਰਜ਼ ਬਣਦਾ ਹੈ ਕਿ ਉਹ ਸਮਾਜਕ ਇਨਸਾਫ ਦੀ ਗੱਲ ਕਰਨ। ਵਿਸ਼ਵ ਸਿੱਖ ਸੰਮੇਲਨ ਦੇ ਐਲਾਨਨਾਮੇ ਵਿਚ ਸਮਾਜਕ ਨਿਆਂ ਦੀ ਗੱਲ ਕੀਤੀ ਗਈ ਹੈ। ਇਸ ਦਾ ਨੋਟਿਸ ਲੈਣਾ ਬਣਦਾ ਹੈ।

### ਲੇਖਕਾਂ ਦਾ ਸਨਮਾਨ

ਸਕਾਟਲੈਂਡ ਦਾ ਇਕ ਪਿੰਡ ਐਲੋਵੇ ਹੈ, ਜੋ ਗਲਾਸਗੋ ਤੋਂ ਇਕ ਘੰਟੇ ਦੇ ਸਫਰ ਦੀ ਦੂਰੀ 'ਤੇ ਹੈ। ਉਥੇ 18ਵੀਂ ਸਦੀ ਵਿਚ ਹੋਏ ਸਕਾਟਲੈਂਡ ਦੇ ਕੌਮੀ ਕਵੀ ਰੋਬਰਟ ਬਰਨਜ਼ ਦੀ ਯਾਦ ਇਕ ਅਜਾਇਬਘਰ ਦੇ ਰੂਪ ਵਿਚ ਸਾਂਭੀ ਹੋਈ ਹੈ। ਪਿੰਡ ਦਾ ਉਹਦਾ ਘਰ, ਜਿੱਥੇ ਉਹ ਬੈਠ ਕੇ ਲਿਖਦ ਸੀ, ਉਸੇ ਰੂਪ ਵਿਚ ਮੌਜੂਦ ਹੈ। ਇੰਗਲੈਂਡ ਦੀ ਆਪਣੀ ਨਾਟਕ ਫੇਰੀ ਵਿਚ ਉਸ ਥਾਂ 'ਤੇ ਜਾਣਾ ਬੜਾ ਚੰਗਾ ਲੱਗਿਆ।

ਪਿਛਲੇ ਹਫਤੇ ਉਦਾਸੀ ਦੀ ਯਾਦ ਵਿਚ 5 ਨਵੰਬਰ ਪਲਸ ਮੰਚ ਵਲੋਂ ਹੋਣ ਵਾਲੇ ਸਮਾਗਮ ਦੀ ਤਿਆਰੀ ਦੇ ਸਿਲਸਿਲੇ ਵਿਚ ਉਹਦੇ ਪਿੰਡ ਰਾਇਸਰ ਜਾਣ ਦਾ ਮੌਕਾ ਮਿਲਿਆ। ਇਕ ਚਾਹ ਬਣੀ ਕਿ ਅਸੀਂ ਵੀ ਜਦੋਂ ਆਪਣੇ ਦੇਸ਼ ਵਿਚ ਚੰਗਾ ਸਮਾਜ ਬਣਾਉਣ ਵਿਚ ਸਫਲ ਹੋਵਾਂਗੇ ਤਾਂ ਆਪਣੇ ਲੇਖਕਾਂ ਦੀ ਯਾਦ ਸਾਂਭਣ ਦੇ ਯੋਗ ਹੋਵਾਂਗੇ। ਉਹ ਲੋਕ ਕਵੀ ਜਿਸ ਨੇ ਕੰਮੀਆਂ ਦਾ ਵਿਹੜਾ, ਚੂੜੀਆਂ ਦਾ ਹੋਕਾ, ਮਾਂਗ ਮੇਰੀ ਮੰਗਦੀ ਸੰਧੂਰ, ਮਾਰੇ ਗਏ ਮਿੱਤਰਾਂ ਦੇ ਪਿੰਡ ਦੀ ਵਾਏ ਵਰਗੇ ਅਮਰ ਗੀਤ ਪੰਜਾਬੀ ਸਾਹਿਤ ਨੂੰ ਦਿੱਤੇ, ਉਹਦੀ ਯਾਦ ਵਿਚ ਰਾਇਸਰ, ਤਹਿਸੀਲ ਬਰਨਾਲਾ, ਜ਼ਿਲਾ ਸੰਗਰੂਰ, ਪੰਜਾਬ ਇਕ ਕੌਮੀ ਯਾਦਗਾਰ ਹੋਵੇਗਾ। ਉਦਾਸੀ ਦੀ ਕਵਿਤਾ ਨੂੰ ਪਿਆਰ ਕਰਨ ਵਾਲੇ ਭਾਵੇਂ ਅਸੀਂ ਬੜੇ ਗਰੀਬ ਲੋਕ ਹਾਂ, ਪਰ ਸਾਡੇ ਇਰਾਦੇ ਬੁਲੰਦ ਹਨ। ਅਸੀਂ ਆਪਣੇ ਮਿਸ਼ਨ ਵਿਚ ਕਾਮਯਾਬ ਹੋਵਾਂਗੇ, ਇਹ ਸਾਡਾ ਯਕੀਨ ਹੈ।

### ਬਸੰਤਾ ਝੱਲਾ

ਗੁਰਬਚਨ ਸਿੰਘ ਭੁੱਲਰ ਨੇ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਲਈ ਇਕ ਚੋਣਵੀਂ ਕਹਾਣੀ ਦਾ ਸੰਗ੍ਰਹਿ 'ਪੰਜਾਂ ਪਾਣੀਆਂ ਦਾ ਹਾਸ਼ੀਆ' ਸੰਪਾਦਤ ਕੀਤਾ ਹੈ। ਇਸ ਵਿਚ ਪੰਜਾਬ ਤੋਂ ਬਾਹਰ ਰਹਿੰਦੇ ਹੋਏ ਕਹਾਣੀ ਲੇਖਕਾਂ ਦੀਆਂ ਕਹਾਣੀਆਂ ਸ਼ਾਮਲ ਹਨ। ਇਸ ਸੰਗ੍ਰਹਿ ਵਿਚ ਜਿੱਥੇ ਸੁਖਬੀਰ ਦੀ ਵਿਚਕਾਰਲੀ ਕੜੀ, ਅਜੀਤ ਕੌਰ ਦੀ 'ਅੱਖਾਂ' ਅਤੇ ਹੋਰਨਾਂ ਲੇਖਕਾਂ ਦੀਆਂ ਸ਼ਾਹਕਾਰ ਕਹਾਣੀਆਂ ਸ਼ਾਮਲ ਹਨ, ਉਥੇ ਮਹਿੰਦਰ ਸਰਨਾ ਦੀ ਕਹਾਣੀ 'ਬਸੰਤਾ ਝੱਲਾ' ਹੈ ਜੋ ਸਹਿਜ ਹੀ ਟਾਲਸਟਾਏ ਦੀ ਕਲਾਸੀਕਲ ਰਚਨਾ 'ਈਵਾਨ ਦੀ ਫੂਲ' ਦਾ ਦਰਜਾ ਰੱਖਦੀ ਹੈ। ਮਹਿੰਦਰ ਸਿੰਘ ਸਰਨਾ ਸਾਡਾ ਸਾਹਿਤ ਅਕੈਡਮੀ ਦਾ ਸਨਮਾਨ ਜੇਤੂ ਕਹਾਣੀਕਾਰ ਹੈ। 1947 ਦੀ ਦੇਸ਼ ਦੀ ਵੰਡ ਬਾਰੇ ਉਹਨੇ ਸਾਨੂੰ ਯਾਦਗਾਰੀ ਕਹਾਣੀਆਂ ਦਿੱਤੀਆਂ ਹਨ, ਪਰ 'ਬਸੰਤਾ ਝੱਲਾ' ਇਕ ਮਹਾਨ ਕ੍ਰਿਤ ਹੈ। ਮਾਨਵੀ ਕਦਰਾਂ ਕੀਮਤਾਂ ਦੀ ਧਾਰਨੀ ਇਹ ਕਹਾਣੀ ਕਿਸੇ ਸੰਤ ਮਹਾਤਮਾ ਜਾਂ ਕਿਸੇ ਇਤਹਾਸਿਕ ਵਿਅਕਤੀ ਦੀ ਕੁਰਬਾਨੀ ਦੀ ਕਹਾਣੀ ਨਹੀਂ, ਸਗੋਂ ਅੱਜ ਦੇ ਯੁੱਗ ਦੇ ਇਕ ਸਾਧਾਰਨ ਵਿਅਕਤੀ ਦੀ ਕਹਾਣੀ ਹੈ। ਦੂਜਿਆਂ ਦੇ ਕੰਮ ਆਉਣਾ ਉਹਦੇ ਸੁਭਾਅ ਵਿਚ ਸ਼ਾਮਲ ਹੈ। ਸਮਾਜ ਵਿਚ ਜਦੋਂ ਸਾਰੇ ਪਾਸੇ ਆਪਾਧਾਪੀ ਦੀਆਂ ਗੱਲਾਂ ਹੀ ਹੁੰਦੀਆਂ ਨੇ ਤਾਂ 'ਬਸੰਤਾ ਝੱਲਾ' ਵਰਗੀਆਂ ਕਹਾਣੀਆਂ ਪੜ੍ਹ ਕੇ ਇਹ ਵਿਸ਼ਵਾਸ ਬਣਦਾ ਹੈ ਕਿ ਮਾਨਵਤਾ ਮਰੀ ਨਹੀਂ, ਸਗੋਂ ਉਹ ਆਪਣੀਆਂ ਸ਼ਾਨਦਾਰ ਰਵਾਇਤਾਂ ਨਾਲ ਜੀਂਦੀ ਹੈ।